**ਸੁੱਕੀਆਂ ਹੋਈਆਂ ਹੱਡੀਆਂ ਦੀ ਘਾਟੀ,**

ਬੱਚਿਆਂ ਨੂੰ ਸਮਝਾਉ ਕਿ ਪਵਿੱਤਰ ਆਤਮਾ ਕਿਸ ਤਰਾਂ ਸਾਨੂੰ ਦੁਬਾਰਾ ਨਵਾ ਕਰਦੀ ਹੈ।

**ਪ੍ਰਾਥਨਾ** ''ਪਰਮੇਸ਼ਵਰ, ਸਾਡੇ ਬੱਚਿਆ ਨੂੰ ਵਿਸ਼ਵਾਸ ਦਿਓ ਕਿਉਕਿ ਤੁਸੀ ਉਨਾ ਨੂੰ ਮੁਰਦਿਆਂ ਵਿੱਚੋਂ ਮੁੜ ਪ੍ਰਭੂ ਯਿਸੂ ਮਸੀਹ ਵਿਚ ਜਿਉਦਾ ਕਰੋਗੇ, ਜਿਸ ਵਿੱਚ ਅਸੀ ਸਦਾ ਉਹਦੇ ਹੀ ਤੇਜ ਵਿੱਚ ਰਹਿ ਸਕੀਏ।

ਬੱਚਿਆ ਨੂੰ ਇੰਨਾ ਸਿਖਾਉਣ ਵਾਲੀ ਸਰਗਰਮੀ ਵਿੱਚ ਕੋਈ ਇੱਕ ਚੁੰਣ ਲਉ।

ਵੱਡਾ ਬੱਚਾ ਜਾ ਸਿਖਾਉਣ ਵਾਲਾ ਪੜੇ ਜਾ ਦੱਸੇ ਕਿ ਜਿਹੜਾ ਕੁਝ ਯਾਦ ਕੀਤਾ ਹੈ ਉਸ ਦਰਸ਼ਣ ਦੇ ਬਾਰੇ ਜਿਹੜਾ ਪਰਮੇ ਸ਼ਵਰ ਨੇ ਹਿੱਜ਼ਕੀਏਲ ਨੂੰ ਦਿੱਤਾ - ਘਾਟੀ ਸੁਕੀਆਂ ਹੋਈ ਹੱਡੀਆ ਨਾਲ ਭਰੀ ਹੋਈ ਸੀ (ਹਿੱਜਕੀਏਲ 37:1-14) ਸਭ ਤੋ ਪਹਿਲਾ ਬੱਚਿਆ ਨੂੰ ਆਖੋ ਕਿ ਧਿਆਨ ਨਾਲ ਸੁਨਣ ਅਤੇ ਲੱਭਣ ਕਿ ਯਹੋਵਾਹ ਪਰਮੇਸ਼ਵਰ ਨੇ ਇਸਰਾਈਲ ਦੇ ਲੋਕਾਂ ਦੀ ਕਿ ਆਸ ਕਿ ਉਹ ਉਹਨਾ ਨੂੰ ਬਚਾਵੇਗਾ, ਪਰਮੇਸ਼ਵਰ ਨੇ ਇਜਰਾਈਲ ਭਵਿੱਖ ਵਕਤਾ ਨਾਲ ਕੀ ਪ੍ਰਤਿਗਿਆ ਕੀਤੀ ਸੀ?



ਕਹਾਣੀ ਸਮਝਾਉਣ ਦੇ ਬਾਦ ਪ੍ਰਸ਼ਨ ਪੁੱਛੋ (ਉੱਤਰ ਉਦੋਂ ਹੀ ਦੱਸੋ ਜਦੋ ਲੋੜ ਹੋਵੇ)

- ਕਿਹੜੇ ਭਵਿੱਖ ਵਕਤਾ ਨੂੰ, ਇੱਕ ਘਾਟੀ, ਜਿਹੜੀ ਕਿ ਹੱਡੀਆਂ ਦੀ ਭਰੀ ਹੋਈ ਸੀ ਦਿਖਾਈ ਦਿੱਤੀ?
  *ਉੱਤਰ ਆਇਤ 1 ਦੇਖੋ।*
- ਹਿੱਜਕੀਏਲ ਨੇ ਕੀ ਸੁਣਿਆ, ਜਦ ਉਸਨੇ ਹੱਡੀਆ ਦੇ ਬਾਰੇ ਵਿੱਚ ਭਵਿੱਖਵਾਣੀ ਕੀਤੀ ਸੀ?
  *ਉੱਤਰ ਆਇਤ 8 ਦੇਖੋ।*
- ਪਰਮੇਸ਼ਵਰ ਦੇ ਸਾਹ ਨੇ ਉਨਾ ਹੱਡੀਆਂ ਦਾ ਕੀ ਕੀਤਾ?
  *ਉੱਤਰ ਆਇਤ 10 ਦੇਖੋ।*
- ਹੱਡੀਆਂ ਕਿਸ ਨੂੰ ਦਰਸਾਉਦੀਆਂ ਹਨ?
  *ਉੱਤਰ ਆਇਤ 11 ਦੇਖੋ, ਇਹ ਹੱਡੀਆਂ ਉਸਦੇ ਲੋਕਾ ਦੀਆ ਸੀ।*
- ਪਰਮੇਸ਼ਵਰ ਨੇ ਕਿਹੜੀ ਪ੍ਰਤਿਗੀਆ ਕੀਤੀ ਸੀ ਕਿ ਉਹ ਆਪਣੇ ਲੋਕਾਂ ਨੂੰ ਦੇਵੇਗਾ, ਜਿਸ ਵਿੱਚ ਉਹ ਫਿਰ ਰਹਿ ਸਕਣ?
  ਉੱਤਰ ਆਇਤ 14 ਦੇਖੋ।

**ਕਹਾਣੀ ਦੇ ਭਾਗਾ ਤੇ ਆਧਾਰਿਤ ਨਾਟਕ ਕਰੋ।**

- ਮੁੱਖ ਕਲਿਸਿਆ ਦੇ ਅਗਵੇ ਨਾਲ ਮਿਲ ਕੇ ਅਰਾਧਨਾ ਵੇਲੇ ਇੱਹ ਨਾਟਕ ਪੇਸ਼ ਕਰੋ।
- ਆਪਣਾ ਸਮਾਂ ਬੱਚਿਆਂ ਦਾ ਨਾਟਕ ਤਿਆਰ ਕਰਾਉਣ ਵਿੱਚ ਲਗਾਉਣ।
- ਤੁਹਾਨੂੰ ਨਾਟਕ ਦੇ ਸਾਰੇ ਹਿੱਸੇ ਪ੍ਰਯੋਗ ਕਰਨ ਦੀ ਜ਼ਰੂਰਤ ਨਹੀ ਹੈ।

- ਵੱਡੇ ਬੱਚੇ ਜਾਂ ਬਾਲਿਗਾ, ਇਹ ਹਿੱਸੇ ਕਰਣ: R2b

  **ਵਾਚਕ** : ਕਹਾਣੀ ਨੂੰ ਛੋਟਾ ਕਰਕੇ ਬੱਚਿਆਂ ਨੂੰ ਯਾਦ ਕਰਾਓ ਕਿ ਉਨ੍ਹਾਂ ਨੂੰ ਕਿ ਆਖਣਾ ਹੈ।

  ਪਰਮੇਸ਼ਵਰ ਦੀ ਅਵਾਜ

  ਹਿੱਜਕੀਏਲ
- ਛੋਟਿਆ ਬੱਚਿਆਂ ਨੂੰ ਇਹ ਹਿੱਸੇ ਕਰਨ ਦਿਉ:

  ਹੱਡੀਆਂ, ਆਪਣੀਆ ਅੱਖਾ ਬੰਦ ਕਰਕੇ ਫ਼ਰਸ਼ ਤੇ ਲੇਟ ਜਾਣ।

  **ਹਵਾ**

## ਮੁੱਖੀ ਹੱਡੀਆਂ ਦਾ ਦਰਸ਼ਣ

**ਵਾਚਕ:** ਹਿੱਜਕੀਏਲ 37:1-14 ਵਿੱਚੋ ਦਰਸ਼ਣ ਬਾਰੇ ਦੱਸੋ। ਫਿਰ ਆਖੋ, ''ਸੁਣੋ ਪਰਮੇਸ਼ਵਰ ਕੀ ਕਹਿੰਦਾ ਹੈ।''

ਪਰਮੇਸ਼ਵਰ ਦੀ ਅਵਾਜ, ''ਹਿੱਜਕੀਏਲ, ਮੈ ਤੈਨੂੰ ਆਪਣੇ ਲੋਕਾ ਦਾ ਭਵਿੱਖ ਚਾਹੁੰਦਾ ਹਾਂ। ਇਸ ਘਾਟੀ ਨੂੰ ਹੱਡੀਆਂ ਨਾਲ ਢੱਕੀ ਹੋਈ ਵੇਖ। ਕੀ ਤੂੰ ਸੋਚਦਾ ਹੈ ਕਿ ਇਹ ਹੱਡੀਆ ਦੁਬਾਰਾ ਜਿਉਦੀਆ ਹੋ ਜਾਣਗੀਆ?''

**ਹਿੱਜਕੀਏਲ** ''ਮੁਕੀਆਂ ਹੱਡਿਆਂ, ਤੁਸੀਂ ਜਿਉਦੀਆਂ ਹੋ ਜਾਉ ਗਿਆ।''

**ਹੱਡੀਆ** : ਖੜਖੜਾਉਣ ਵਾਲੇ ਸ਼ੋਰ ਬੰਦ ਕਰ ਦਿਉ। ਤੁਸੀ ਇੱਕਠੇ ਆਉ, ਜਦੋ ਤੁਸੀਂ ਫਰਸ਼ ਉੱਤੇ ਅੱਖਾਂ ਬੰਦ ਕਰਕੇ ਪਏ ਹੋਏ ਹੋਵੋ।

**ਹਿੱਜਕੀਏਲ** : ''ਹੁਣ ਪਰਮੇਸ਼ਵਰ ਆਪਣੇ ਸਾਹ ਨਾਲ ਆਪਣੀ ਆਤਮ ਤੁਹਾਡੇ ਵਿੱਚ ਘੱਲੇਗਾ ਅਤੇ ਤੁਸੀਂ ਜਿਉਦੀਆਂ ਹੋ ਜਾਉਗੀਆਂ। ਹਵਾ ਵਗੇ।''

**ਹਵਾ:**-ਹੱਡੀਆਂ ਵੱਲ ਤੇਜੀ ਨਾਲ ਵਗੇ।

**ਹੱਡੀਆ** : ਉੱਤੇ ਕੁੱਦਣ ਅਤੇ ਸਿਪਾਹੀਆਂ ਵਾਂਗਰ ਸਿੱਧੀਆਂ ਖੜੋ ਜਾਣ, ਅਤੇ ਆਖਣ, ''ਪਰਮੇਸ਼ਵਰ ਨੇ ਸਾਨੂੰ ਜੀਵਨ ਦਿੱਤਾ ਹੈ।''

''ਅਸੀ ਸਿਰਫ ਇਕੋ ਅੱਤ ਮਹਾਨ ਪਰਮੇਸ਼ਵਰ ਦੀ ਵਡਿਆਈ ਕਰਦੇ ਹਾਂ।''

''ਅੱਤ ਮਹਾਨ ਨੇ ਸਾਨੂੰ ਮੌਤ ਤੋਂ ਜਿਵਾ ਕੇ ਆਪਣੇ ਨਾਲ ਸਦੀਪਕ ਰਹਿਣ ਦੀ ਮਹਿਮਾ ਦਿੱਤੀ ਹੈ।''

ਵਾਚਕ ਜਾ ਕੋਈ ਵੱਡਾ ਬੱਚਾ, ਉਹਨਾ ਸਭਨਾ ਦਾ ਧੰਨਵਾਦ ਕਰੇ ਜਿੰਨ੍ਹਾਂ ਨੇ ਨਾਟਕ ਕਰਨ ਵਿੱਚ ਮੱਦਦ ਕੀਤੀ ਹੈ। ਇੰਨ੍ਹਾਂ ਪ੍ਰਸ਼ਨਾ ਨੂੰ ਪੁੱਛੋ, ਜੇ ਬੱਚੇ ਇਸ ਕਹਾਣੀ ਦਾ ਨਾਟਕ ਬਾਲਿਗਾ ਲਈ ਪੇਸ਼ ਕਰਨ, ਤਾਂ ਉਹ ਉੱਤੇ ਸੂਚੀ ਵਿਚ ਦਿੱਤੇ ਗਏ ਹਨ।

ਪ੍ਰਸ਼ਨ ਬਾਲਿਗਾਂ ਕੋਲੋ ਪੁੱਛ ਸਕਦੇ ਹਨ।

ਆਖੋ, ਹੋਰ ਕਿਹੜੇ ਵਾਧੇ ਦੀਆ ਉਦਾਹਰਣਾ ਹਨ, ਜਿਹੜੇ ਪਰਮੇਸ਼ਵਰ ਨੇ ਸਾਡੇ ਨਾਲ ਕੀਤੇ, ਤੇ ਉਹ ਭਵਿੱਖ ਵਿੱਚ ਪੂਰੇ ਹੋਏ? (ਬੱਚਿਆਂ ਜਾ ਬਾਲਿਗਾ ਨੂੰ ਉਦਾਹਰਣਾ ਦੇਣ ਦਿਉ)

ਇੱਕ ਹੱਡੀਆ ਦੇ ਢਾਚੇ ਦੀ ਤਸਵੀਰ ਬਣਾਉ

- ਤੁਸੀ ਇੱਕ ਵੱਡੀ ਤਸਵੀਰ ਨੂੰ ਕੱਟ ਕੇ ਵੱਡੇ-ਵੱਡੇ ਹਿੱਸੇ ਬਣਾ ਸਕਦੇ ਹੋ, ਬੱਚਿਆਂ ਨੂੰ ਇੰਨਾ ਨੂੰ ਇੱਕਠਾ ਜੋੜਨ ਦਿਉ ਇੱਕ ਗੁੱਝਲ ਦਾਰ (ਪਜਲ) ਵਾਂਗਰ
- ਬੱਚੇ ਤਸਵੀਰ ਦੀ ਨਕਲ ਕਰਨ
- ਵੱਡੇ ਬੱਚੇ ਛੋਟਿਆ ਦੀ ਮੱਦਦ ਕਰਨ
- ਬੱਚੇ ਆਪਣੀ ਤਸਵੀਰ ਨੂੰ ਆਉਣ ਵਾਲੀ ਅਰਾਧਨਾ ਦੇ ਦੌਰਾਨ ਜਾਂ ਘਰਾਂ ਵਿੱਚ ਵਿਖਾਉਣ।
- ਉਹ ਇਹ ਸਮਝਾ ਸਕਦੇ ਹਨ ਕਿ ਉਹ ਹੱਡੀਆਂ ਦਰਸਾਦੀਆਂ ਹਨ ਕਿ ਪਰਮੇਸ਼ਵਰ ਦਾ ਆਤਮਾ ਕਿਸੇ ਨੂੰ ਵੀ ਬਦਲ ਸਕਦਾ ਹੈ, ਕੋਈ ਮਤਲਬ ਨਹੀ ਕਿ ਉਹ ਕਿੰਨ੍ਹੇ ਬੁਰੇ ਹਨ।
- ਹੱਡੀਆਂ ਸਾਨੂੰ ਇਹ ਵੀ ਯਾਦ ਕਰਾਉਂਦੀਆਂ ਹਨ ਕਿ ਪਰਮੇਸ਼ਵਰ ਸਾਨੂੰ ਮੌਤ ਤੋਂ ਜਿਵਾ ਕੇ ਸਦੀਪਕ ਜੀਵਨ ਦੀ ਮਹਿਮਾ ਦੇਵੇਗਾ।



- ਅਸੀਂ ਯਿਸ਼ੂ ਮਸੀਹ ਵਿਚ ਸਦੀਪਕ ਜੀਵਨ ਪਾਇਆ ਹੈ, ਕਿਉਂਕਿ ਉਸਨੇ ਹੀ ਕੇਵਲ ਸਾਡੀ ਜਗਹ ਲਈ, ਸਾਡੇ ਪਾਪਾ ਦੇ ਬਦਲੇ ਦਾ ਮੁੱਲ ਚੁੱਕਾਇਆ, ਸਾਡੇ ਜੁਰਮ ਨੂੰ ਆਪਣੇ ਉੱਤੇ ਲੈ ਲਿਆ ਅਤੇ ਫਿਰ ਮੁਰਦਿਆ ਵਿੱਚੋਂ ਜਿਉਦਾ ਹੋ ਗਿਆ। ਜਿਸ ਕਰਕੇ ਅਸੀਂ ਉਹਦੇ ਨਾਲ ਬੈਠ ਸਕੀਏ। ਉਸਨੇ ਇੱਕ ਰਾਹ ਬਣਾਇਆ ਕਿ ਸਾਰੇ ਉਸ ਉੱਤੇ ਚੱਲੀਏ।

**ਯਾਦ ਕਰੋ 2 ਇਤਿਹਾਸ 7:14**

ਜ਼ੋਰ ਨਾਲ ਬੋਲੋਂ, ਕਵਿਤਾ ਪਾਠ: ਦੋ ਬੱਚੇ, ਹਰੇਕ ਬੱਚਾ ਯਿਰਮਿਆਹ 31:33, 34 ਨੂੰ ਬੋਲੇ।

ਵੱਡੇ ਬੱਚੇ ਕਵਿਤਾ ਲਿਖਣ, ਗੀਤ ਜਾ ਨਾਟਕ ਲਿਖਣ ਕਿ ਪਵਿੱਤਰ ਆਤਮਾ ਸਾਨੂੰ ਕਿਸ ਤਰਾ ਜੀਵਨ ਦਿੰਦੀ ਹੈ?

**ਪ੍ਰਾਥਨਾ** ''ਪਿਆਰੇ ਪਰਮੇਸ਼ਵਰ, ਕੇਵਲ ਤੁਸੀਂ ਹੀ ਮਹਾਨ ਹੋ ਜਿਹੜੇ ਕਿ ਸੁੱਕੀਆਂ ਹੱਡੀਆਂ ਨੂੰ ਜਿਉਂਦਾ ਕਰਕੇ ਦੁਬਾਰਾ ਚੱਲਣ ਯੋਗ ਬਣਾ ਸਕਦੇ ਹੋ। ਜਦੋਂ ਅਸੀ ਮਰ ਜਾਵਾਗੇ, ਤੁਸੀ ਆਪਣਾ ਜੀਵਨ, ਦੇਣ ਵਾਲਾ ਸਾਹ ਸਾਨੂੰ ਦਿਉਗੇ। ਅਸੀਂ ਆਤਮਾ ਵਿੱਚ ਮਰੇ ਹੋਏ ਹਾਂ, ਆਪਣੇ ਪਾਪਾਂ ਵਿੱਚ, ਪਰ ਤੁਸੀਂ ਸਾਨੂੰ ਨਵਾ ਜੀਵਨ ਦਿੱਤਾ, ਕਿ ਅਸੀਂ ਪਵਿੱਤਰ ਜੀਵਨ ਜਿਹੜਾ ਕਿ ਸਦੀਪਕ ਹੈ, ਉਸ ਵਿੱਚ ਜੀਉਂਦੇ ਰਹੀਏ।

Copyright 2004 © by Paul-Timothy. May be freely copied. Download from www.Paul-Timothy.net